ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ.: 2060 ਕਾਲਜ/ਜ.ਸ-5

ਮਿਤੀ 22/7/25

**ਵੈੱਬ ਪੇਜ**

ਯੂਨੀਵਰਸਿਟੀ ਨਾਲ ਸਬੰਧਿਤ
ਸਮੂਹ ਕਾਲਜਾਂ ਦੇ ਪ੍ਰਿੰਸੀਪਲ/ਡਾਇਰੈਕਟਰ/ਚੈਅਰਮੈਨ
ਸਾਹਿਬਾਨਾਂ ਨੂੰ

**ਵਿਸ਼ਾ:- ਡਾਟਾ ਸਮੇਂ ਸਿਰ ਅਪਲੋਡ ਕਰਨ ਸਬੰਧੀ।**

ਉਕਤ ਵਿਸ਼ੇ ਅਨੁਸਾਰ ਡਾਇਰੈਕਟਰ, ਯੋਜਨਾ ਤੇ ਨਿਰੀਖਣ ਵੱਲੋਂ ਪ੍ਰਾਪਤ ਪੱਤਰ ਨੰ. 2547/ਸ-2/ਪੀ.ਐਮ.ਯੂ. ਮਿਤੀ 15.07.2025 ਦੀ ਲੋਅ ਵਿੱਚ, ਡਾਟਾ ਸਮੇਂ ਸਿਰ ਅਪਲੋਡ ਕਰਨ ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਲਿਖਿਆ ਜਾਂਦਾ ਹੈ:-

(1) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ DPM Office ਨਾਲ ਸਬੰਧਤ ਅੰਕੜਾ ਸੈੱਲ All India Servey on Higher Education (AISHE) ਅਤੇ ਹੋਰ ਕਿਸੇ ਵੀ ਤਰ੍ਹਾਂ ਦੇ ਅੰਕੜੇ ਮਹੁੱਈਆ ਕਰਵਾਉਣ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹਰੇਕ ਅਧਿਆਪਨ ਵਿਭਾਗ/ਖੋਜ ਵਿਭਾਗ, ਰਿਜਨਲ ਸੈਂਟਰ, ਨੇਬਰਹੁੱਡ ਕੈਂਪਸਜ ਦੇ ਮੁਖੀ ਹੀ ਆਪਣੇ ਵਿਭਾਗ ਦੇ ਨੋਡਲ ਅਫ਼ਸਰ ਹੋਣਗੇ। ਡਾਟਾ ਸਮੇਂ ਸਿਰ ਅਪਲੋਡ/ਮਹੁੱਈਆ ਕਰਵਾਉਣ ਦੀ ਜਿੰਮੇਵਾਰੀ ਮੁਖੀ/ਅਫ਼ਸਰ ਦੀ ਹੋਵੇਗੀ।

(2) ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਸਾਰੇ Affiliated ਅਤੇ Constituent Colleges ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਕੜਾ ਸੈੱਲ ਸੂਚਨਾ ਮੁਹੱਈਆ/ਅਪਲੋਡ ਕਰਵਾਉਣ ਲਈ ਨੋਡਲ ਅਫ਼ਸਰ ਲਗਾਉਣਗੇ। ਇਹ ਨੋਡਲ ਅਫ਼ਸਰ ਹਰ ਸਾਲ ਉਨ੍ਹਾਂ ਨਾਲ ਸਬੰਧਤ ਸੂਚਨਾ ਅੰਕੜਾ ਸੈੱਲ ਅਤੇ ਡੀਨ, ਕਾਲਜਾਂ ਨੂੰ ਮੁਹੱਈਆ ਕਰਵਾਉਣਗੇ। ਨੋਡਲ ਅਫ਼ਸਰ ਦਾ ਨਾਮ, ਫੋਨ ਨੰਬਰ ਅਤੇ ਕਾਲਜ ਦੀ ਈ.ਮੇਲ.ਡੀ. ਹਰ ਸਾਲ ਆਨ-ਲਾਈਨ ਪੋਰਟਲ ਤੇ ਅਪਲੋਡ/ਅਪਡੇਟ ਕਰਨਾ ਲਾਜਮੀ ਹੋਵੇਗਾ।

(3) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ AISHE ਨਾਲ ਸਬੰਧਤ ਸਲਾਨਾ ਕਾਨਫਰੰਸ ਵਿੱਚ Affiliated ਅਤੇ Constituent Colleges ਦੇ ਨੋਡਲ ਅਫ਼ਸਰਾਂ (Nominee) ਦਾ ਭਾਗ ਲੈਣਾ ਜਰੂਰੀ ਹੋਵੇਗਾ। ਨੋਡਲ ਅਫ਼ਸਰ ਜਾਂ ਉਸਦੇ Nominee ਵੱਲੋਂ AISHE ਕਾਨਫਰੰਸ ਵਿੱਚ ਸ਼ਾਮਲ ਨਾ ਹੋਣ (ਗੈਰਹਾਜਰ) ਤੇ ਕਾਲਜ ਨੂੰ 8,000/-(ਅੱਠ ਹਜਾਰ ਕੇਵਲ) ਰੁਪਏ ਉੱਕਾ ਪੁੱਕਾ ਜੁਰਮਾਨਾ ਲਗਾਇਆ ਜਾਵੇਗਾ।

(4) ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਸਾਰੇ Affiliated ਕਾਲਜ ਅੰਕੜਾ ਸੈੱਲ ਵੱਲੋਂ ਤਿਆਰ ਕੀਤੇ ਗਏ College Information Portal ਤੇ ਨਿਰਧਾਰਿਤ ਕੀਤੀ ਗਈ ਮਿਤੀ ਤੱਕ ਮੰਗੀ ਗਈ ਜਾਣਕਾਰੀ ਅਪਲੋਡ ਕਰਨ ਲਈ ਪਾਬੰਦ ਹੋਣਗੇ। ਹਰ ਸਾਲ ਲਈ ਨਿਰਧਾਰਿਤ ਕੀਤੀ ਗਈ ਮਿਤੀ (30 ਨਵੰਬਰ) ਤੱਕ ਸੂਚਨਾ ਅਪੋਲਡ ਨਾ ਕਰਨ ਦੀ ਸਥਿਤੀ ਵਿੱਚ ਸਬੰਧਤ ਕਾਲਜ ਨੂੰ ਪਹਿਲੇ 15 ਦਿਨਾਂ ਵਿੱਚ 15,000/- ਰੁਪਏ ਉੱਕਾ ਪੁੱਕਾ ਜੁਰਮਾਨੇ ਦੇ ਰੂਪ ਵਿੱਚ ਡੀਨ, ਕਾਲਜਾਂ ਰਾਹੀਂ ਯੂਨੀਵਰਸਿਟੀ ਨੂੰ ਜਮ੍ਹਾਂ ਕਰਵਾਉਣੇ ਪੈਣਗੇ। ਇਸ ਤੋਂ ਅਗਲੇ 10 ਦਿਨਾਂ ਵਿੱਚ 25,000/- ਰੁਪਏ ਉੱਕਾ ਪੁੱਕਾ ਜੁਰਮਾਨੇ ਦੇ ਰੂਪ ਵਿੱਚ ਯੂਨੀਵਰਸਿਟੀ ਨੂੰ ਜਮ੍ਹਾਂ ਕਰਵਾ ਸੂਚਨਾ ਅਪਲੋਡ ਕੀਤੀ ਜਾ ਸਕੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਵੱਲੋਂ Affiliated ਕਾਲਜਾਂ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰਨ ਲਈ ਡੀਨ, ਕਾਲਜਾਂ ਵੱਲੋਂ ਕੇਸ ਵਾਈਸ-ਚਾਂਸਲਰ ਸਾਹਿਬ ਨੂੰ ਭੇਜਿਆ ਜਾਵੇਗਾ। ਇੱਥੇ ਇਹ ਵੀ ਸਪੱਸ਼ਟ ਹੈ ਕਿ ਅਧੂਰੇ/ਗਲਤ ਅਪਲੋਡ ਕੀਤੇ ਗਏ ਅੰਕੜਿਆਂ ਨੂੰ ਨਿਯਮਾਂ ਦੀ ਉਲੰਘਣਾ ਮੰਨਿਆ ਜਾਵੇਗਾ ਅਤੇ ਜੁਰਮਾਨਾ ਵਸੂਲਿਆ ਜਾਵੇਗਾ।

ਇਸ ਨੂੰ ਅਤਿ-ਜਰੂਰੀ ਸਮਝਿਆ ਜਾਵੇ ਜੀ।

21/07/2025.

ਡੀਨ, ਕਾਲਜ ਵਿਕਾਸ ਕੌਂਸਲ

ਉਤਾਰ:- ਡਾਇਰੈਕਟਰ, ਯੋਜਨਾ ਤੇ ਨਿਰੀਖਣ(ਜਾਣਕਾਰੀ ਹਿੱਤ)